# ਪੰਜਾਬ ਰਾਜ ਬਿਜਲੀ ਬੋਰਡ
(ਦਫਤਰ : ਸਕੱਤਰ/ਪੀ.ਆਰ.ਸੀ.)

ਵਿੱਤ ਸਰਕੂਲਰ ਨੰ: 31 /2009

ਵੱਲ

1) ਡੀ.ਜੀ.ਪੀ./ਵੀ.ਤੇ ਐਮ., ਪੰ.ਰਾ.ਬਿ.ਬੋ., ਪਟਿਆਲਾ।
2) ਸਾਰੇ ਇੰਜ-ਇੰਨ-ਚੀਫ/ਜਨਰਲ ਮੈਨੇਜਰ/ਮੁੱਖ ਇੰਜੀ:(ਸਮੇਤ ਹਾਈਡਲ),ਪੰ.ਰਾ.ਬਿ.ਬੋ.
3) ਮੁੱਖ ਕੰਟਰੋਲਰ/ਵਿੱਤ, ਪੰ.ਰਾ.ਬਿ.ਬੋ., ਪਟਿਆਲਾ।
4) ਸਾਰੇ ਮੁੱਖ ਲੇਖਾ ਅਫਸਰ, ਪੰ.ਰਾ.ਬਿ.ਬੋ.।
5) ਮੁੱਖ ਪੜਤਾਲਕਾਰ, ਪੰ.ਰਾ.ਬਿ.ਬੋ., ਪਟਿਆਲਾ।
6) ਕਾਸਟ ਕੰਟਰੋਲਰ, ਪੰ.ਰਾ.ਬਿ.ਬੋ., ਪਟਿਆਲਾ।
7) ਮੁੱਖ ਆਈ.ਆਰ.ਅਤੇ ਡਬਲਯੂ. ਪੰ.ਰਾ.ਬਿ.ਬੋ., ਪਟਿਆਲਾ।

ਮੀਮੋ ਨੰ: 180096/180190 /ਪੀ.ਆਰ.ਸੀ.-303/2006

ਮਿਤੀ : 30 /12/2009

ਵਿਸ਼ਾ : **ਪੰ.ਰਾ.ਬਿ.ਬੋ. (ਰਿਵਾਇਜ਼ਡ ਪੇ) ਰੈਗੂਲੇਸ਼ਨਜ਼, 2009 ਦੇ ਰੈਗੂਲੇਸ਼ਨ-7 ਦੇ ਹੇਠਾਂ ਦਿੱਤੇ ਨੋਟ-1 ਦੇ ਉਪਬੰਧ ਅਨੁਸਾਰ ਆਪਸ਼ਨ ਦੇਣ ਬਾਰੇ।**

-------

ਵਿੱਤ ਸਰਕੂਲਰ ਨੰ:15/2009 ਮਿਤੀ 15.10.2009 ਅਤੇ 21/2009 ਮਿਤੀ 19.11.2009 ਦੀ ਲਗਾਤਾਰਤਾ ਵਿਚ ਪੰਜਾਬ ਰਾਜ ਬਿਜਲੀ ਬੋਰਡ ਨੇ ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਨੋਟੀਫਿਕੇਸ਼ਨ ਨੰ:5/54/2009-5 ਵਿ.ਪ੍ਰੋ.1/745 ਮਿਤੀ. 9/10-12-2009 (ਕਾਪੀ ਨੱਥੀ ਹੈ) ਨੂੰ ਆਪਨਾਉਣ ਦਾ ਫੈਸਲਾ ਕੀਤਾ ਹੈ।

ਨੱਥੀ/ਉਪਰੋਕਤ ਅਨੁਸਾਰ।

ਉਪ ਸਕਤਰ/~~ਵਿੱਤ-1~~

ਪਿੱਠ ਅੰਕਣ ਨੰ: 180191/181239ਪੀ.ਆਰ.ਸੀ.-303/2006 ਮਿਤੀ 30 /12/2009

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ: -

1) ਪ੍ਰਿੰਸੀਪਲ ਸਕੱਤਰ ਟੂ ਪੰਜਾਬ ਸਰਕਾਰ (ਵਿੱਤ ਵਿਭਾਗ) ਅਤੇ ਮੈਂਬਰ(ਪੀ.ਐਸ.ਈ.ਬੀ.), ਸਿਵਲ ਸਕੱਤਰੇਤ, ਪੰਜਾਬ, ਚੰਡੀਗੜ੍ਹ।
2) ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਸਿੰਚਾਈ ਤੇ ਬਿਜਲੀ ਵਿਭਾਗ (ਊਰਜਾ ਸ਼ਾਖਾ), ਮਿੰਨੀ ਸਕੱਤਰੇਤ, ਸੈਕਟਰ-9, ਚੰਡੀਗੜ੍ਹ।
3) ਸਕੱਤਰ/ਐਨ.ਆਰ.ਈ.ਬੀ., ਐਫ ਵਿੰਗ, ਨਿਰਮਾਣ ਭਵਨ, ਨਵੀਂ ਦਿੱਲੀ।
4) ਸਕੱਤਰ/ਐਚ.ਪੀ.ਐਸ.ਈ.ਬੀ., ਸ਼ਿਮਲਾ-4
5) ਸਕੱਤਰ/ਵਿੱਤ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ।

ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਨੋਟੀਫਿਕੇਸ਼ਨ ਨੰ:5/54/2009-5 ਵਿ.ਪ੍ਰੋ.1/745 ਮਿਤੀ. ਚੰਡੀਗੜ੍ਹ 9/10 ਦਸੰਬਰ. 2009 ਜੋ ਸਾਰੇ ਵਿਭਾਗਾਂ ਦੇ ਮੁਖੀਆਂ ਆਦਿ ਨੂੰ ਸੰਬੋਧਿਤ ਹੈ.

ਵਿਸ਼ਾ : ਪੰਜਾਬ ਸਿਵਲ ਸੇਵਾਵਾਂ (ਰਿਵਾਈਜ਼ਡ ਪੇ) ਰੂਲਜ਼, 2009 ਦੇ ਰੂਲ 7 ਦੇ ਹੇਠਾਂ ਦਿੱਤੇ ਨੋਟ-1 ਦੇ ਉਪਬੰਧ ਅਨੁਸਾਰ ਆਪਸ਼ਨ ਦੇਣ ਬਾਰੇ।

ਸ਼੍ਰੀਮਾਨ ਜੀ,

ਮੈਨੂੰ ਆਪਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਿਵਲ ਸੇਵਾਵਾਂ (ਰਿਵਾਈਜ਼ਡ ਪੇ) ਰੂਲਜ਼, 2009 ਦੇ ਰੂਲ 7 ਦੇ ਹੇਠਾਂ ਦਿੱਤੇ ਨੋਟ-1 ਵਿੱਚ ਉਪਬੰਧ ਕੀਤਾ ਗਿਆ ਹੈ ਕਿ ਜਿਹਨਾਂ ਕਰਮਚਾਰੀਆਂ ਦੀ ਸਲਾਨਾ ਤਰੱਕੀ ਦੀ ਮਿਤੀ 1 ਜਨਵਰੀ, 2006 ਹੋਵੇ, ਉਹ ਇਹ ਸਲਾਨਾ ਤਰੱਕੀ ਮੌਜੂਦਾ ਤਨਖਾਹ ਸਕੇਲਾਂ ਜਾਂ ਸੋਧੇ ਤਨਖਾਹ ਢਾਂਚੇ ਵਿੱਚ ਡਰਾਅ ਕਰਨ ਲਈ ਆਪਸ਼ਨ ਦੇ ਸਕਦੇ ਹਨ। ਕੁੱਝ ਵਿਭਾਗਾਂ ਅਤੇ ਸਰਕਾਰੀ ਕਰਮਚਾਰੀਆਂ ਵਲੋਂ ਵਿੱਤ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਇਸ ਨਿਯਮ ਦੇ ਉਪਬੰਧ ਨੂੰ ਲਾਗੂ ਕਰਨ ਲਈ ਆਪਸ਼ਨ ਸਬੰਧੀ ਕੋਈ ਫਾਰਮ ਨਿਰਧਾਰਤ ਨਾ ਕਰਨ ਕਰਕੇ ਬਹੁਤ ਸਾਰੇ ਕਰਮਚਾਰੀ ਇਸ ਨਿਯਮ ਦੇ ਤਹਿਤ ਆਪਣੀ ਆਪਸ਼ਨ ਨਹੀਂ ਦੇ ਸਕੇ ਜਿਸ ਕਾਰਨ ਉਹ ਇਸ ਨਿਯਮ ਦੇ ਲਾਭ ਤੋਂ ਵੰਚਿਤ ਰਹਿ ਗਏ ਹਨ। ਸਿੱਟੇ ਵਲੋਂ ਬਹੁਤ ਸਾਰੇ ਸੀਨੀਅਰ ਕਰਮਚਾਰੀਆਂ ਦੀ ਤਨਖਾਹ ਉਹਨਾਂ ਤੋਂ ਜੂਨੀਅਰ ਕਰਮਚਾਰੀਆਂ ਤੋਂ ਘੱਟ ਨਿਸ਼ਚਿਤ ਹੋਣ ਕਰਕੇ ਅਨਾਮਲੀਆਂ ਵੀ ਪੈਦਾ ਹੋ ਗਈਆਂ ਹਨ।

2. ਇਸ ਮਾਮਲੇ ਤੇ ਵਿਚਾਰ ਕਰਨ ਉਪਰੰਤ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜੋ ਕਰਮਮਚਾਰੀ ਪੰਜਾਬ ਸਿਵਲ ਸੇਵਾਵਾਂ (ਰਿਵਾਈਜ਼ਡ ਪੇ) ਰੂਲਜ਼. 2009 ਦੇ ਰੂਲ 7 ਦੇ ਹੇਠਾਂ ਦਿੱਤੇ ਨੋਟ-1 ਦਾ ਲਾਭ ਲੈਣ ਲਈ ਆਪਣੀ ਆਪਸ਼ਨ ਨਹੀਂ ਦੇ ਸਕੇ. ਉਹਨਾਂ ਨੂੰ ਨਾਲ ਨੱਥੀ ਨਿਰਧਾਰਤ ਫਾਰਮ ਵਿੱਚ ਮਿਤੀ 31-01-2010 ਤੱਕ ਆਪਣੀ ਆਪਸ਼ਨ ਦੇਣ ਦਾ ਸਮਾਂ ਦਿੱਤਾ ਜਾਂਦਾ ਹੈ। ਇੱਕ ਵਾਰ ਦਿੱਤੀ ਆਪਸ਼ਨ ਅੰਤਮ ਹੋਵੇਗੀ ਅਤੇ ਇਸ ਵਿੱਚ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਕਰਮਚਾਰੀ ਇਸ ਨਿਯਮ ਦੇ ਤਹਿਤ ਆਪਸ਼ਨ ਦੇ ਕੇ ਪਹਿਲਾਂ ਹੀ ਇਸ ਦਾ ਲਾਭ ਪ੍ਰਾਪਤ ਕਰ ਚੁੱਕੇ ਹਨ. ਉਹਨਾਂ ਨੂੰ ਇਸ ਪੱਤਰ ਨਾਲ ਨੱਥੀ ਕੀਤੇ ਨਿਰਧਾਰਤ ਫਾਰਮ ਵਿੱਚ ਦੁਬਾਰਾ ਆਪਸ਼ਨ ਦੇਣ ਦੀ ਲੋੜ ਨਹੀਂ ਹੋਵੇਗੀ।

ਮਿਸਲ ਲੀਤਾ

ਵਿਸ਼ਵਾਸ਼ਪਾਤਰ.

ਸਹੀ/-
(ਗੁਰਮੇਲ ਸਿੰਘ)
ਅਧੀਨ ਸਕੱਤਰ ਵਿੱਤ(ਜੀ)

ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਪੱਤਰ ਨੰ:5/54/2009-5 ਵਿ.ਪ੍ਰੋ.1/745 ਮਿਤੀ. ਚੰਡੀਗੜ੍ਹ 9/10 ਦਸੰਬਰ. 2009 ਦੁਆਰਾ ਨਿਰਧਾਰਤ ਫਾਰਮ ਤੇ ਅਧਾਰਿਤ।

## ਆਪਸ਼ਨ

(ਵੇਖੋ ਰੈਗੂਲੇਸ਼ਨ 7 ਦੇ ਹੇਠਾਂ ਨੋਟ-1)

* ਮੈਂ ____________________ ਅਹੁਦਾ ________________ ਪੰਜਾਬ ਰਾਜ ਬਿਜਲੀ ਬੋਰਡ (ਰਿਵਾਈਜ਼ਡ ਪੇ) ਰੈਗੂਲੇਸ਼ਨਜ਼, 2009 ਦੇ ਰੈਗੂਲੇਸ਼ਨ 7 ਦੇ ਹੇਠਾਂ ਦਿੱਤੇ ਨੋਟ-1 ਦੇ ਉਪਬੰਧ ਅਨੁਸਾਰ ਆਪਸ਼ਨ ਦਿੰਦਾ ਹਾਂ ਕਿ ਮੈਨੂੰ ਮਿਤੀ 1 ਜਨਵਰੀ, 2006 ਨੂੰ ਲੱਗਣ ਵਾਲੀ ਸਲਾਨਾ ਤਰੱਕੀ ਮੈਂ ਸੋਧੇ ਤਨਖਾਹ ਢਾਂਚੇ ਵਿੱਚ ਡਰਾਅ ਕਰਾਂਗਾ।

ਜਾਂ

* ਮੈਂ ____________________ ਅਹੁਦਾ ________________ ਪੰਜਾਬ ਰਾਜ ਬਿਜਲੀ ਬੋਰਡ (ਰਿਵਾਈਜ਼ਡ ਪੇ) ਰੈਗੂਲੇਸ਼ਨਜ਼, 2009 ਦੇ ਰੈਗੂਲੇਸ਼ਨ 7 ਦੇ ਹੇਠਾਂ ਦਿੱਤੇ ਨੋਟ-1 ਦੇ ਉਪਬੰਧ ਅਨੁਸਾਰ ਆਪਸ਼ਨ ਦਿੰਦਾ ਹਾਂ ਕਿ ਮੈਨੂੰ ਮਿਤੀ 1 ਜਨਵਰੀ, 2006 ਨੂੰ ਲੱਗਣ ਵਾਲੀ ਸਲਾਨਾ ਤਰੱਕੀ ਮੈਂ ਮੌਜੂਦਾ ਤਨਖਾਹ ਸਕੇਲ ਵਿੱਚ ਡਰਾਅ ਕਰਾਂਗਾ।

ਮਿਤੀ : ________________

ਹਸਤਾਖ਼ਰ ........................

ਨਾਂਮ ...........................

ਅਹੁਦਾ ..........................

ਵਿਭਾਗ/ਦਫਤਰ ..................

* ਜੋ ਲਾਗੂ ਨਾ ਹੋਵੇ ਤਾਂ ਕੱਟ ਦਿੱਤਾ ਜਾਵੇ